ਵੀਰਵਾਰ
21, ਜਨਵਰੀ 2010
9 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 282,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਤਿੰਨ-ਤਿੰਨ ਮਹੀਨਿਆਂ ਦੀਆਂ ਮਿਲੀਆਂ 3

ਸੰਪਾਦਕੀ
ਪੰਜਾਬ ਸਰਕਾਰ ਦੀਆਂ ਨਵੀਆਂ ਤਜਵੀਜ਼ਾਂ 4

ਦੇਸ਼ ਦੁਨੀਆ
ਵਿਸ਼ੇਸ਼ ਸਪਲੀਮੈਂਟ 8

3 ਰਾਜਪੂਤ ਭਵਨ ਬਣਨਗੇ ਪੰਜਾਬ 'ਚ

ਬਾਦਲ ਸਰਕਾਰ ਸਰਕਾਰੀ ਖਰਚੇ 'ਤੇ ਖਰੀਦੇਗੀ ਜ਼ਮੀਨ

ਚੰਡੀਗੜ੍ਹ, 20 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ) ਪੰਜਾਬ ਸਰਕਾਰ ਜਲੰਧਰ ਬਠਿੰਡਾ ਅਤੇ ਪਟਿਆਲਾ ਵਿੱਚ ਤਿੰਨ ਰਾਜਪੂਤ ਭਵਨ ਬਣਾਏਗੀ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਦੀ ਅਗਵਾਈ ਵਿੱਚ ਅੱਜ ਇਹ ਫ਼ੈਸਲਾ ਕਰਦੇ ਹੋਏ ਕਿਹਾ ਗਿਆ ਹੈ ਕਿ ਇਹ ਭਵਨ ਪੜਾਅਵਾਰ ਬਣਗੇ ਅਤੇ ਇਨ੍ਹਾਂ ਲਈ ਜ਼ਮੀਨ ਵੀ ਪੰਜਾਬ ਸਰਕਾਰ ਮੁਹੱਈਆ ਕਰਵਾਏਗੀ। ਇਹ ਜ਼ਮੀਨ ਸਰਕਾਰੀ ਅਧਿਗ੍ਰਹਿਣ ਰੇਟਾਂ 'ਤੇ ਖਰੀਦੀ ਜਾਵੇਗੀ। ਸ. ਬਾਦਲ ਅੱਜ ਇੱਥੇ ਸ. ਸੁਰਜੀਤ ਸਿੰਘ ਗੜ੍ਹੀ ਅਤੇ ਜੱਥੇ. ਪ੍ਰੀਤਮ ਸਿੰਘ ਦੀ ਅਗਵਾਈ ਵਿੱਚ ਉਨ੍ਹਾਂ ਨੂੰ ਮਿਲੇ ਇੱਕ ਪੰਦਰਾਂ ਮੈਂਬਰੀ ਵਫ਼ਦ ਨਾਲ ਗੱਲਬਾਤ ਕਰ ਰਹੇ ਸੀ। ਸ. ਬਾਦਲ ਨੇ ਰਾਠੌਰ, ਰਾਜਪੂਤ ਭਾਈਚਾਰੇ ਦੀਆਂ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਹ ਤਬਕੇ ਅਕਾਲੀ ਭਾਜਪਾ ਸਰਕਾਰ ਦੀ ਰੀੜ ਦੀ ☛(ਬਾਕੀ ਸਫਾ 2 'ਤੇ)

ਘਪਲਿਆਂ ਦੀ ਨਸੀਹਤ

ਸ਼ਗਨ ਸਕੀਮ ਲਈ ਵਿਆਹ ਦੀ ਰਜਿਸਟਰੇਸ਼ਨ ਹੋਵੇਗੀ ਲਾਜ਼ਮੀ

ਚੰਡੀਗੜ੍ਹ, 20 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਸਰਕਾਰ ਵੱਲੋਂ ਗਠਿਤ ਕੀਤੇ ਪ੍ਰਸ਼ਾਸਕੀ ਸੁਧਾਰ ਕਮਿਸ਼ਨ ਨੇ ਰਾਜ ਅੰਦਰ ਸ਼ਗਨ ਸਕੀਮ ਦੇ ਨਾਂਅ 'ਤੇ ਜਾਲ੍ਹੀ ਦਰਖਾਸਤਾ ਦੇ ਕੇ ਪੱਸੇ ਲੈਣ ਵਾਲਿਆਂ 'ਤੇ ਨਕੇਲ ਕੱਸਣ ਲਈ ਆਪਣੀ ਸਿਫਾਰਸ਼ ਕਰਦਿਆਂ ਕਿਹਾ ਹੈ ਕਿ ਇਸ ਲਈ ਵਿਆਹ ਹੋਣ ਤੋਂ 60 ਦਿਨਾਂ ਦੇ ਅੰਦਰ ਮੈਰਿਜ ਰਜਿਸਟਰੇਸ਼ਨ ਲਾਜ਼ਮੀ ਕਰ ਦਿੱਤੀ ਜਾਵੇ। ਜੇਕਰ ਕੋਈ ਲਾਭ ਪਾਤਰੀ ਨਿਰਧਾਰਤ ਸਮੇਂ ਵਿੱਚ ਰਜਿਸਟਰੇਸ਼ਨ ਨਹੀਂ ਕਰਾਉਂਦਾ ਤਾਂ ਉਸ ਤੋਂ ਸ਼ਗਨ ਸਕੀਮ ਦੀ ਰਾਸ਼ੀ ਵਾਪਸ ਲਈ ਜਾਵੇ ਤੇ ਉਸ ਦੇ ਖਿਲਾਫ ਕਾਰਵਾਈ ਆਰੰਭੀ ਜਾਵੇ। ਸੂਤਰਾਂ ਦਾ ਕਹਿਣਾ ਹੈ ਕਿ ਕਮਿਸ਼ਨ ਦਾ ਮੰਨਣਾ ਹੈ ਕਿ ਪੰਜਾਬ ਵਿੱਚ 10 ਤੋਂ 15 ਹਜ਼ਾਰ ਤੋਂ ਜ਼ਿਆਦਾ ਲਾਭਪਾਤਰੀ ਨਹੀਂ ਹੋ ਸਕਦੇ। ਪਰ ਇਸ ਵੇਲੇ ਲਾਭਪਾਤਰੀਆਂ ਦੀ ਗਿਣਤੀ 50 ਹਜ਼ਾਰ ਤੋਂ ਕਿਤੇ ਜ਼ਿਆਦਾ ਹੈ। ਮੈਰਿਜ ਰਜਿਸਟਰੇਸ਼ਨ ਕਰਾਉਣ ਦਾ ਇੱਕ ਲਾਭ ਇਹ ਹੋਵੇਗਾ ਕਿ ਰਜਿਸਟਰੇਸ਼ਨ ਕਰਾਉਣ ਲਈ ਲਾਭ ਪਾਤਰੀ ਨੂੰ ☛(ਬਾਕੀ ਸਫਾ 2 'ਤੇ)

ਪੰਜਾਬ ਕੈਬਨਿਟ ਦੀ ਮੀਟਿੰਗ ਭਲਕੇ

-ਪੰਜਾਬ ਮੰਤਰੀ ਮੰਡਲ ਦੀ ਇੱਕ ਵਿਸ਼ੇਸ਼ ਮੀਟਿੰਗ 22 ਜਨਵਰੀ ਨੂੰ ਸ਼ਾਮੀਂ ਪੰਜਾਬ ਭਵਨ ਚੰਡੀਗੜ੍ਹ ਵਿੱਚ ਸੱਦੀ ਗਈ ਹੈ। ਮੀਟਿੰਗ ਦੀ ਪ੍ਰਧਾਨਗੀ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਖੁਦ ਕਰਨਗੇ। ਇਹ ਮੀਟਿੰਗ ਖੂਬ ਹੰਗਾਮੇ ਭਰੀ ਹੋਣ ਦੀ ਸੰਭਾਵਨਾ ਹੈ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਜੋ ਸੁਖਬੀਰ-ਕਾਲੀਆ ਕਮੇਟੀ ਦੀ ਰਿਪੋਰਟ ਪੇਸ਼ ਕੀਤੇ ਗਈ ਹੈ, ਉਸ ਰਿਪੋਰਟ 'ਤੇ ਖੁੱਲ੍ਹ ਕੇ ਵਿਚਾਰ ਤੇ ਬਹਿਸ ਹੋਣੀ ਹੈ। ਕਿਉਂਕਿ ਮੀਟਿੰਗ ਵਿੱਚ ਕੁਝ ਅਜਿਹੀਆਂ ਗੱਲਾਂ ਤੇ ਮੁੱਦਿਆਂ ਦੀ ਸਿਫਾਰਸ਼ ਕੀਤੀ ਗਈ ਹੈ ਕਿ ਜਿਨ੍ਹਾਂ ਉੱਪਰ ਅਕਾਲੀ-ਭਾਜਪਾ ਦੇ ਮੰਤਰੀ ਕਿ ਸੁਰ ਵਿੱਚ ☛(ਬਾਕੀ ਸਫਾ 2 'ਤੇ)

ਸੀ. ਡੀ. ਦੀ ਜਾਂਚ ਸੀ. ਆਈ. ਡੀ. ਹਵਾਲੇ

ਸੀ.ਡੀ. ਯੁੱਧ ਨਾਲ ਭਾਜਪਾ ਕਟਹਿਰੇ 'ਚ

20 ਸਾਲ ਪੁਰਾਣੀ ਸੀ. ਡੀ. ਸੀਰੀਜ਼ ਵਿੱਚ ਵੀਰਭੱਦਰ ਸਿੰਘ ਨੂੰ ਬਦਨਾਮ ਕਰਨ ਦਾ ਦੋਸ਼

ਚੰਡੀਗੜ੍ਹ, 20 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਹਿਮਾਚਲ ਪ੍ਰਦੇਸ਼ ਵਿੱਚ ਜਾਰੀ ਸੀ.ਡੀ. ਯੁੱਧ ਦੇ ਕਾਰਨ ਕੜਾਕੇ ਦੀ ਠੰਢ ਵਿੱਚ ਵੀ ਚੰਡੀਗੜ੍ਹ 'ਚ ਸਿਆਸਤ ਗਰਮਾਈ ਗਈ ਹੈ। ਇਸ ਵਾਰ ਜੋ ਸੀ.ਡੀ. ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਭਾਰਤੀ ਜਨਤਾ ਪਾਰਟੀ ਨਿਸ਼ਾਨੇ 'ਤੇ ਹੈ। ਇਸ ਨਾਲ ਭਾਜਪਾ ਦੇ 17 ਵਿਧਾਇਕਾਂ ਨੂੰ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਇੱਕ ਪੱਤਰ ਲਿਖ ਕੇ 20 ਸਾਲ ਪੁਰਾਣੇ ਇੱਕ ਸੀ.ਡੀ. ਸੀਰੀਜ ਵਿੱਚ ਵੀਰਭੱਦਰ ਸਿੰਘ ਨੂੰ ਬਦਨਾਮ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਸ਼ਿਮਲੇ ਵਿੱਚ ਕੱਲ੍ਹ ਦੋ ਸੀ.ਡੀ. ਅਤੇ ਆਡੀਓ, ਦੂਸਰੀ ਵੀਡੀਓ ਸੀ.ਡੀ. ਮੀਡੀਆ ਸਰਕਾਰ ਦੇ ਉੱਚ ਅਧਿਕਾਰੀਆਂ ਅਤੇ ਮੁੱਖ ਮੰਤਰੀ ਨੂੰ ਭੇਜੀਆਂ ਗਈਆਂ, ਇਨ੍ਹਾਂ ਵੀਡੀਓ ਸੀ.ਡੀ. ਵਿੱਚ ਭਾਜਪਾ ਦੇ ਨਿਸ਼ਾਨੇ 'ਤੇ ਸੰਸਦ ਵਰਿੰਦਰ ਕਸ਼ਯਪ ਐੱਮ.ਪੀ. ਨੂੰ ਵੱਡੀਆਂ ਰਕਮਾਂ ਲੈਂਦੇ ਹੋਏ ਦਿਖਾਇਆ ਗਿਆ ਹੈ। ਆਡੀਓ ਸੀ.ਡੀ. ਵਿੱਚ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੁਆਰਾ ਕਥਿਤ ਉਹ ਪੂਰਾ ਭ੍ਰਿਸ਼ਟਾਚਾਰ ਨਿਰੋਧਕ ਬਿਊਰੋ ਤੇ ਡਾਇਰੈਕਟਰ ਡੀ.ਐੱਸ. ਮਿਨਹਾਸ ਨੂੰ ਵੀਰਭੱਦਰ ਸਿੰਘ ਦੀ ਸੰਪਤੀ ਦੇ ਫੋਨ ਟੇਪ ਕਰਨ ਦੀ ਮਨਜ਼ੂਰੀ ਦੇਣ ਸੰਬੰਧੀ ਗੱਲਬਾਤ ਹੈ, ਹਾਲਾਂਕਿ ਧੂਮਲ ਅਤੇ ਮਿਨਹਾਸ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਹਿਮਾਚਲ ਦਾ ਆਡੀਓ, ਸੀ.ਡੀ. ਕਾਂਡ, ਜਿਸ ਤੋਂ ਚੰਡੀਗੜ੍ਹ ਦੀ ਸਿਆਸਤ ਵੀ ਕੋਰੇ ਦੇ ਦਿਨਾਂ ਵਿੱਚ ਗਰਮਾਈ ਹੋਈ ਹੈ, ਦੀ ਹਿਮਾਚਲ ਦੇ ਏ.ਡੀ.ਜੀ.ਪੀ. (ਸੀ.ਆਈ.ਡੀ.) ਨੂੰ ਜਾਂਚ ਸੌਂਪ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਿਪੋਰਟ ਦਾਖਲ ਕਰਨ ਲਈ ਕਿਹਾ ਗਿਆ ਹੈ। ਹਿਮਾਚਲ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੇ ਧਿਆਨ ਵਿੱਚ ਇਹ ਮਾਮਲੇ ਲਿਆਂਦਾ ਗਿਆ ਸੀ ਅਤੇ ਉਨ੍ਹਾਂ ਨੇ ਮਾਮਲੇ ਦੀ ਅਸਲੀਅਤ ਸਾਹਮਣੇ ਲਿਆਉਣ ਲਈ ਨਿਰਪੱਖ ਜਾਂਚ ਦੇ ਆਦੇਸ਼ ਜਾਰੀ ਕੀਤੇ ਹਨ। ਇਹ ਸੀ.ਡੀ. ਵੱਖ-ਵੱਖ ਮੰਤਰਾਲਿਆਂ ਦੇ ਦਫਤਰਾਂ ਨੂੰ ਕੁਝ ਨਾਮਾਲੂਮ ਸੂਤਰਾਂ ਨੇ ਭੇਜੀ ਸੀ, ਕਿਉਂਕਿ ਕਿਸੇ ਨੇ ਵੀ ਇਸ ਸੀ.ਡੀ. ਨੂੰ ਭੇਜਣ ਦੀ ਜ਼ਿੰਮੇਵਾਰੀ ਨਹੀਂ ਲਈ, ਇਸ ਲਈ ਇਸ ਦੀ ਸਚਾਈ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਸੀ। ਏਥੇ ਹੀ ਬੱਸ ਨਹੀਂ, ਸੀ.ਡੀ. ਵਿੱਚ ਦਰਜ ਗੱਲਬਾਤ ਵੀ ਇੱਕ ਲੜੀ ਵਿੱਚ ਨਹੀਂ ਹੈ। ਫਿਰ ਵੀ ਸੱਚਾਈ ਤੋਂ ਪੜਦਾ ਉਠਾਉਣ ਲਈ ਹਿਮਾਚਲ ਸਰਕਾਰ ਨੇ ਇਹ ਹੁਕਮ ਜਾਰੀ ਕੀਤੇ ਹਨ।

ਤੇਲੰਗਾਨਾ ਮਾਮਲਾ: ਬੰਦ ਨਾਲ ਆਂਧਰਾ ਪ੍ਰਦੇਸ਼ 'ਚ ਜਨਜੀਵਨ ਠੱਪ

ਹੈਦਰਾਬਾਦ, 20 ਜਨਵਰੀ (ਵਿਸ਼ਵ ਵਾਰਤਾ)-ਅਲੱਗ ਤੇਲੰਗਾਨਾ ਰਾਜ ਦੇ ਗਠਨ ਲਈ ਤੁਰੰਤ ਕਦਮ ਉਠਾਉਣ ਦੀ ਮੰਗ ਕਰ ਰਹੇ ਵਿਦਿਆਰਥੀਆਂ ਅਤੇ ਸਾਂਝੀ ਕਰਵਾਈ ਕਮੇਟੀ (ਜੇਏਸੀ) ਦੇ ਸੱਦੇ 'ਤੇ ਆਯੋਜਿਤ ਬੰਦ ਕਾਰਨ ਅੱਜ ਆਂਧਰਾ ਪ੍ਰਦੇਸ਼ ਦੇ ਤੇਲੰਗਾਨਾ ਖੇਤਰ ਵਿੱਚ ਜਨਜੀਵਨ ਠੱਪ ਹੋ ਗਿਆ। ਆਂਧਰਾ ਪ੍ਰਦੇਸ਼ ਰਾਜ ਸੜਕ ਟਰਾਂਸਪੋਰਟ ਨਿਗਮ ਨੇ ਬੰਦ ਸਮਰਥਕਾਂ ਦੇ ਹਮਲੇ ਦੇ ਮੱਦੇਨਜ਼ਰ ਤਹਿਤ ਸ਼ਹਿਰ ਵਿੱਚ ਆਪਣੀਆਂ ਸੇਵਾਵਾਂ ਠੱਪ ਰੱਖੀਆਂ। ਮੰਗਲਵਾਰ ਦੇਰ ਰਾਤ ਤੋਂ ਸ਼ਹਿਰ ਵਿੱਚ ਵੱਖ ਵੱਖ ਥਾਵਾਂ 'ਤੇ ਪੈਟਰੋਲ ਪੰਪ ਬੰਦ ਰਹੇ। ਹੈਦਰਾਬਾਦ ਅਤੇ ਮੇਦਕ, ਨਿਜ਼ਾਮਾਬਾਦ, ਨਲਗੋਂਡਾ ਅਤੇ ਕਰੀਮ ਨਗਰ ਵਰਗੇ ਤੇਲੰਗਾਨਾ ਖੇਤਰ ਦੇ ਜ਼ਿਲ੍ਹਿਆਂ ਵਿੱਚ ਸਕੂਲ, ਕਾਲਜ, ਦੁਕਾਨਾਂ ਅਤੇ ਹੋਰ ਵਪਾਰਿਕ ਸੰਸਥਾਵਾਂ ਬੰਦ ਰਹੀਆਂ। ਬੰਦ ਦਾ ਸੱਦਾ ਉਸਮਾਨੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਕੀਤਾ। ਇਹ ਸੱਦਾ ਅਲੱਗ ਰਾਜ ਦੇ ਸਮਰਥਨ ਵਿੱਚ ਇੱਕ ਵਿਦਿਆਰਥੀ ਦੀ ਕਥਿਤ ਆਤਮ-ਹੱਤਿਆ ਤੋਂ ਬਾਅਦ ਕੀਤਾ ਗਿਆ। ਅਲੱਗ ਰਾਜ ਲਈ ਅੰਦੋਲਨ ਦਾ ਅਗਵਾਈ ਕਰ ਰਹੀ ਸਰਵ-ਦਲੀ ਜੇਏਸੀ ਨੇ ਇਸ ਸੱਦਾ ਸਮਰਥਨ ਕੀਤਾ। ਉਸਮਾਨੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਵੇਣੂ ਗੋਪਾਲ ਰੈਡੀ ਦੀ ਲਾਸ਼ ਨੂੰ ਯੂਨੀਵਰਸਿਟੀ ਵਿੱਚ ਰੱਖਿਆਹੈ ਜਿਸ ਨੇ ਕਥਿਤ ਰੂਪ ਨਾਲ ਅਲੱਗ ਰਾਜ ਦੇ ਸਮਰਥਨ ਵਿੱਚ ਆਤਮ-ਹੱਤਿਆ ਕੀਤੀ ਹੈ।

ਆਸਟ੍ਰੇਲੀਆ 'ਚ ਇਕ ਹੋਰ ਭਾਰਤੀ ਨੂੰ ਕੁਟਾਪਾ

ਮੈਲਬੌਰਨ, 20 ਜਨਵਰੀ (ਵਿਸ਼ਵ ਵਾਰਤਾ)-ਆਸਟ੍ਰੇਲੀਆ ਵਿਚ ਭਾਰਤੀਆਂ 'ਤੇ ਹਮਲੇ ਦਾ ਸਿਲਸਿਲਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। ਤਾਜ਼ਾ ਘਟਨਾਕ੍ਰਮ ਵਿਚ ਇਕ ਹੋਰ ਭਾਰਤੀ ਟੈਕਸੀ ਡਰਾਈਵਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਸੂਤਰਾਂ ਅਨੁਸਾਰ ਮੈਲਬੌਰਨ ਵਿਚ ਕੁਝ ਸਵਾਰੀਆਂ ਨੇ ਬਿਨਾਂ ਕਿਸੇ ਕਾਰਨ ਇਕ ਭਾਰਤੀ ਕੈਬੀ ਦੀ ਕੁਟਾਈ ਕਰ ਦਿੱਤੀ।

ਕੋਰਟ ਦੇ ਬਾਹਰ ਗੋਲੀਬਾਰੀ 'ਚ ਇਕ ਦੀ ਮੌਤ

ਜਗਰਾਉਂ, 20 ਜਨਵਰੀ (ਮਨਦੀਪ ਬੰਦੇਸ਼ਾ)-ਅੱਜ ਲੁਧਿਆਣਾ ਦੇ ਜਗਰਾਉਂ ਦੇ ਬਾਹਰ ਕੁਝ ਲੋਕਾਂ ਨੇ ਗੋਲੀਬਾਰੀ ਕਰ ਦਿੱਤੀ, ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਇਕ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਵਰਣਨਯੋਗ ਹੈ ਕਿ ਬੀਤੀ 15 ਜਨਵਰੀ ਨੂੰ ਅੰਮ੍ਰਿਤਸਰ ਵਿਚ ਕੋਰਟ ਦੇ ਬਾਹਰ ਗੋਲੀਬਾਰੀ ਹੋਈ ਸੀ।

ਪੰਜਾਬੀ ਸ਼ਹੀਦਾਂ ਦੀਆਂ ਯਾਦਗਾਰਾਂ ਸਥਾਪਿਤ ਹੋਣਗੀਆਂ-ਗਾਬੜੀਆ

ਉਹਨਾਂ ਦੇ ਜੱਦੀ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਾਂਗੇ

ਲੁਧਿਆਣਾ, 20 ਜਨਵਰੀ (ਰਾਜ ਜੋਸ਼ੀ)-ਸ. ਹੀਰਾ ਸਿੰਘ ਗਾਬੜੀਆ ਜੇਲ੍ਹ, ਸੈਰ-ਸਪਾਟਾ, ਸਭਿਆਚਾਰਕ ਮਾਮਲੇ ਅਤੇ ਪ੍ਰਿੰਟਿੰਗ ਤੇ ਸਟੇਸ਼ਨਰੀ ਮੰਤਰੀ ਪੰਜਾਬ ਨੇ ਕਿਹਾ ਕਿ ਦੇਸ਼ ਦੀ ਅਜ਼ਾਦੀ ਦੀ ਖਾਤਿਰ ਸ਼ਹੀਦ ਹੋਏ ਪੰਜਾਬੀ ਸ਼ਹੀਦਾਂ ਦੀਆਂ ਯਾਦਗਾਰਾਂ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਉਹਨਾਂ ਦੇ ਜੱਦੀ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਕੇ ਉਹਨਾਂ ਨੂੰ ਮਾਡਲ ਪਿੰਡਾਂ ਵਜੋਂ ਵਿਕਸਤ ਕੀਤਾ ਜਾਵੇਗਾ। ਸ. ਗਾਬੜੀਆ ਅੱਜ ਇਥੋਂ 30 ਕਿਲੋਮੀਟਰ ਦੂਰ ਪਿੰਡ ਭੈਣੀ ਸਾਹਿਬ ਵਿਖੇ ਸੁਤੰਤਰਤਾ ਸੰਗਰਾਮ ਦੇ ਮੋਢੀ ਬਾਬਾ ਰਾਮ ਸਿੰਘ ਜੀ ਦੇ 195 ਵੇ ਪ੍ਰਕਾਸ਼ ਉਤਸਵ ਤੇ ਪੰਜਾਬ ਸਰਕਾਰ ਵਲੋਂ ਆਯੋਜਿਤ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਹ ਸਮਾਗਮ ਨਾਮਧਾਰੀ ਦਰਬਾਰ ਦੇ ਮੁਖੀ ਬਾਬਾ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਆਯੋਜਿਤ ਕੀਤਾ ਗਿਆ। ਬਾਬਾ ਰਾਮ ਸਿੰਘ ਜੀ ਨੂੰ ਸ਼ਰਧਾ ਭੇਟ ਕਰਦਿਆਂ ਸ. ਗਾਬੜੀਆ ਨੇ ਕਿਹਾ ਕਿ ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ ਬਾਬਾ ਰਾਮ ਸਿੰਘ ਜੀ ਨੇ ਅੰਗਰੇਜ ਸਾਮਰਾਜ ਵਿਰੁੱਧ ਨਾ ਮਿਲਵਰਤਨ ਲਹਿਰ ਚਲਾ ਕੇ ਬੰਨ੍ਹਿਆ ਅਤੇ ਦੇਸ਼ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੇਧ ਪ੍ਰਦਾਨ ਕੀਤੀ। ਉਹਨਾ ਕਿਹਾ ਕਿ ਬਾਬਾ ਰਾਮ ਸਿੰਘ ਜੀ ਨੇ ਸੱਚ, ਸਤਿਆਗ੍ਰਹਿ ਅਤੇ ਅਹਿੰਸਾ ਦੇ ਸਿਧਾਂਤਾ ਤੇ ਪਹਿਰਾ ਦਿੱਤਾ ਅਤੇ ਇਹਨਾਂ ਸਿਧਾਂਤਾ ਨੂੰ ਅਪਨਾ ਕੇ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿਚ ਵਡਮੁੱਲਾ ਯੋਗਦਾਨ ਪਾਇਆ। ਕੂਕਾ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ, ਸ. ਗਾਬੜੀਆ ਨੇ ਕਿਹਾ ਕਿ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਹਾਦਰ ਕ੍ਰਾਂਤੀਕਾਰੀ ਪੈਦਾ ਕੀਤੇ, ਜਿੰਨਾਂ ਨੇ ☛(ਬਾਕੀ ਸਫਾ 2 'ਤੇ)

ਮਹਿੰਗਾਈ ਮੁੱਦੇ 'ਤੇ ਪ੍ਰਧਾਨ ਮੰਤਰੀ ਨੂੰ ਮਿਲੇ ਭਾਜਪਾ ਨੇਤਾ

ਨਵੀਂ ਦਿੱਲੀ, 20 ਜਨਵਰੀ (ਵਿਸ਼ਵ ਵਾਰਤਾ)-ਮਹਿੰਗਾਈ ਦੇ ਮੁੱਦੇ 'ਤੇ ਅੱਜ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਅਤੇ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਦੀ ਅਗਵਾਈ ਵਿਚ ਪਾਰਟੀ ਦਾ ਇਕ ਉਚ ਪੱਧਰੀ ਵਫਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਮਿਲਿਆ। ਪ੍ਰਧਾਨ ਮੰਤਰੀ ਨੂੰ ਇਸ ਸਬੰਧ ਵਿਚ ਮੰਗ ਪੱਤਰ ਸੌਂਪਣ ਤੋਂ ਬਾਅਦ ਸ਼੍ਰੀ ਅਡਵਾਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਮਹਿੰਗਾਈ ਨੂੰ ਕਾਬੂ ਕਰਨ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ ਅਤੇ ਇਸ ਬਾਰੇ ਸਾਡੇ ਵੱਲੋਂ ਦਿੱਤੇ ਗਏ ਸੁਝਾਵਾਂ 'ਤੇ ਵੀ ਗੌਰ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੂੰ ਮਿਲਣ ਤੋਂ ਬਾਅਦ ਅਡਵਾਨੀ ਅਤੇ ਗਡਕਰੀ ਦੋਵਾਂ ਨੇ ਮਹਿੰਗਾਈ ਲਈ ਰਾਜਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਕੇਂਦਰ ਸਰਕਾਰ ਦੇ ਰੁਖ਼ ਦੀ ਸਖ਼ਤ ਨਿਖੇਧੀ ਕੀਤੀ। ਗਡਕਰੀ ਨੇ ਕਿਹਾ ਕਿ ਪਹਿਲਾਂ ਸਰਕਾਰ ਨੇ ਟਰਾਂਸਪੋਰਟ ਸਬਸਿਡੀ ਦੇ ਕੇ 48 ਲੱਖ ਟਨ ਚੀਨੀ 13 ਰੁਪਏ ਪ੍ਰਤੀ ਕਿਲੋ ਦੀ ਦਰ ਨਾਲ ਨਿਰਯਾਤ ਕਰਨ ਦੀ ਇਜਾਜ਼ਤ ਦੇ ਦਿੱਤੀ ਅਤੇ ਹੁਣ ਇਸ ਦੀ ਕਮੀ ਹੋਣ 'ਤੇ ਉਹ 35 ਤੋਂ 40 ਰੁਪਏ ਪ੍ਰਤੀ ਕਿਲੋ ਦੀ ਦਰ ਨਾਲ ਉਸ ਦਾ ਆਯਾਤ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਖੁਰਾਕ ਵਸਤੂਆਂ ਦੀਆਂ ਵਧੀਆਂ ਕੀਮਤਾਂ ਨਾਲ ਕਿਸਾਨਾਂ ਨੂੰ ਕਿਸੇ ਤਰ੍ਹਾਂ ਦਾ ਲਾਭ ਨਹੀਂ ਮਿਲਿਆ ਹੈ। ਇਸ ਨਾਲ ਕੇਵਲ ਵਪਾਰੀ, ਕਾਰਪੋਰੇਟ ਜਗਤ ਅਤੇ ਆਯਾਤ ਨਿਰਯਾਤ ਦੇ ਕਾਰੋਬਾਰੀਆਂ ਨੂੰ ਲਾਭ ਹੋਇਆ ਹੈ। ਪ੍ਰਧਾਨ ਮੰਤਰੀ ਨੂੰ ਦਿੱਤੇ ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਮਹਿੰਗਾਈ ਲਈ ਵਿਸ਼ਵ ਬਾਜ਼ਾਰ ਨੂੰ ਦੋਸ਼ ਦੇਣਾ ਗਲਤ ਹੈ ਕਿਉਂਕਿ ਪਿਛਲੇ ਕਈ ਮਹੀਨਿਆਂ ਤੋਂ ਵਿਸ਼ਵ ਬਾਜ਼ਾਰ ਵਿਚ ਖੁਰਾਕ ਪਦਾਰਥਾਂ ☛(ਬਾਕੀ ਸਫਾ 2 'ਤੇ)

ਨਵਜੋਤ ਸਿੱਧੂ ਚੰਡੀਗੜ੍ਹ 'ਚ ਵੀ ਕੇਂਦਰ ਸਰਕਾਰ 'ਤੇ ਜੰਮ ਕੇ ਬਰਸੇ

ਸੱਨਅਤੀ ਲਾਂਘੇ 'ਚ ਪੰਜਾਬ ਨੂੰ ਸ਼ਾਮਲ ਕਰਵਾ ਕੇ ਰਹਾਂਗਾ-ਸਿੱਧੂ

ਚੰਡੀਗੜ੍ਹ, 20 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਲੈ ਕੇ ਨਵਜੋਤ ਸਿੱਧੂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਣਗੇ ਅਤੇ ਇਨ੍ਹਾਂ ਮੰਗਾਂ ਤੇ ਮਸਲਿਆਂ ਨੂੰ ਆਉਂਦੇ ਪਾਰਲੀਮੈਂਟ ਦੇ ਸੈਸ਼ਨ ਵਿੱਚ ਉਠਾਉਣਗੇ। ਇਸ ਗੱਲ ਦਾ ਐਲਾਨ ਅੱਜ ਇੱਥੇ ਭਾਜਪਾ ਦੇ ਸੰਸਦ ਮੈਂਬਰ ਅਤੇ ਸੀਨੀਅਰ ਨੇਤਾ ਨਵਜੋਤ ਸਿੱਧੂ ਨੇ ਇੱਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕੀਤਾ ਅਤੇ ਉਨ੍ਹਾਂ ਨੇ ਕੇਂਦਰੀ ਰੇਲਵੇ ਮੰਤਰੀ ਤੋਂ ਮੰਗ ਕੀਤੀ ਹੈ ਕਿ ਚੰਡੀਗੜ੍ਹ ਨੂੰ ਪੰਜਾਬ ਦੇ ਵੱਡੇ ਸ਼ਹਿਰਾਂ ਫਿਰੋਜ਼ਪੁਰ, ਅੰਮ੍ਰਿਤਸਰ, ਲੁਧਿਆਣਾ ਨਾਲ ਸਿੱਧਾ ਰੇਲਵੇ ਲਿੰਕ ਬਣਾਇਆ ਜਾਵੇ। ਜਿਸ ਨਾਲ ਪਾਕਿਸਤਾਨ ਨਾਲ ਜੋ ਆਪਸੀ ਵਪਾਰ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਉਹ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਜਿਹੜੀ ਰੇਲਵੇ ਫਰੇਟ ਕੋਡੀਡੋਰ ਬੰਬਈ ਤੋਂ ਦਿੱਲੀ ਤੱਕ ਆ ਰਿਹਾ ਹੈ, ਉਸ ਨੂੰ ਅੱਗੇ ਪੰਜਾਬ ਚੰਡੀਗੜ੍ਹ ਨਾਲ ਜੋੜਿਆ ਜਾਵੇ। ਹਲਕਾ ਅੰਮ੍ਰਿਤਸਰ ਤੋਂ ਲੋਕ ਸਭਾ ਦੇ ਮੈਂਬਰ ਸ. ਨਵਜੋਤ ਸਿੰਘ ਸਿੱਧੂ ਨੇ ਅੱਜ ਇੱਥੇ ਦੁੱਖ ਪ੍ਰਗਟ ਕੀਤਾ ਕਿ ☛(ਬਾਕੀ ਸਫਾ 2 'ਤੇ)

ਸੰਤ ਬਾਬਾ ਭਗਵੰਤ ਭਜਨ ਸਿੰਘ ਵੱਲੋਂ ਦੁਆ ਅਤੇ ਦਵਾਈ ਰਾਹੀਂ ਸੰਗਤਾਂ ਦੀ ਸੇਵਾ ਮਹਾਨ-ਮਨੋਰੰਜਨ ਕਾਲੀਆ

ਸੰਤ ਬਾਬਾ ਭਗਵੰਤ ਭਜਨ ਸਿੰਘ ਦੇ ਸਮੁੱਚੇ ਪਰਿਵਾਰ ਨੇ ਦਿਨ ਭਰ ਖੜਿਆਂ ਰਹਿ ਕੇ ਕੀਤੀ ਸੰਗਤ ਦੀ ਸੇਵਾ-ਕੈਂਸਰ ਕੈਂਪ 'ਚ ਸੈਂਕੜੇ ਮਰੀਜ਼ਾਂ ਦਾ ਚੈਕਅੱਪ

ਜਲੰਧਰ, 20 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)-ਪੰਜਾਬ ਦੇ ਸਥਾਨਿਕ ਸਰਕਾਰਾਂ ਬਾਰੇ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਨਿਰਮਲ ਤਖਤ ਤਲਾਬ ਬਾਬਾ ਬੁੱਢਾ ਸਾਹਿਬ ਹਰਿਮੰਦਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਭਗਵੰਤ ਭਜਨ ਸਿੰਘ ਵੱਲੋਂ ਦੁਆ ਅਤੇ ਦਵਾਈ ਰਾਹੀਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਸਰੀਰਕ, ਮਾਨਸਿਕ ਅਤੇ ਸਮਾਜਿਕ ਖੁਸ਼ਹਾਲੀ ਪ੍ਰਦਾਨ ਕਰਨ ਦੇ ਕੀਤੇ ਜਾ ਰਹੇ ਯਤਨਾਂ ਨੂੰ ਮਾਨਵਤਾ ਦੀ ਵੱਡੀ ਸੇਵਾ ਕਰਾਰ ਦਿੱਤਾ ਹੈ। ਅੱਜ ਬਸੰਤ ਪੰਚਮੀ ਦੇ ਮੌਕੇ ਨਿਰਮਲ ਤਖਤ ਤਲਾਬ ਬਾਬਾ ਬੁੱਢਾ ਸਾਹਿਬ ਆਤਮਦਰਸ਼ੀ ਹਰਿਮੰਦਰ ਦਕੋਹਾ (ਜਲੰਧਰ) ਵਿਖੇ ਆਯੋਜਿਤ ਵਿਸ਼ਾਲ ਸਾਲਾਨਾ ਸਤਿਸੰਗ ਸਮਾਗਮ ਅਤੇ ਸੰਤ ਬਾਬਾ ਜਸਵੰਤ ਸਿੰਘ ਹਸਪਤਾਲ ਵੱਲੋਂ ਕੈਂਸਰ ਅਤੇ ਹੋਰ ਬਿਮਾਰੀਆਂ ਦੀ ਮੁਫਤ ਜਾਂਚ ਅਤੇ ਇਲਾਜ ਲਈ ☛(ਬਾਕੀ ਸਫਾ 2 'ਤੇ)

ਭਾਰਤ ਦੇ ਸਬਰ ਦੀ ਵੀ ਕੋਈ ਹੱਦ ਹੈ- ਗੇਟਸ

ਜੇਕਰ ਭਾਰਤ 'ਤੇ ਦੁਬਾਰਾ 26/11 ਵਰਗਾ ਹਮਲਾ ਹੁੰਦਾ ਤਾਂ ਉਸ ਦੇ ਸਬਰ ਦਾ ਬੰਨ੍ਹ ਟੁੱਟ ਸਕਦਾ ਹੈ ਅਤੇ ਉਹ ਜਵਾਬੀ ਕਾਰਵਾਈ ਕਰ ਸਕਦਾ ਹੈ

ਨਵੀਂ ਦਿੱਲੀ, 20 ਜਨਵਰੀ (ਵਿਸ਼ਵ ਵਾਰਤਾ)-ਅਮਰੀਕੀ ਰੱਖਿਆ ਮੰਤਰੀ ਰਾਬਰਟ ਗੇਟਸ ਨੇ ਕਿਹਾ ਕਿ ਮੁੰਬਈ ਹਮਲੇ ਤੋਂ ਬਾਅਦ ਭਾਰਤ ਨੇ ਹਾਲੇ ਤੱਕ ਸਬਰ ਦਾ ਸਬੂਤ ਦਿੱਤਾ ਹੈ ਪਰ ਉਸ ਦੇ ਸਬਰ ਦੀ ਵੀ ਕੋਈ ਇੱਕ ਸੀਮਾ ਹੈ। ਜੇਕਰ ਭਾਰਤ 'ਤੇ ਦੁਬਾਰਾ 26/11 ਵਰਗਾ ਹਮਲਾ ਹੁੰਦਾ ਤਾਂ ਉਸ ਦੇ ਸਬਰ ਦਾ ਬੰਨ੍ਹ ਟੁੱਟ ਸਕਦਾ ਹੈ ਅਤੇ ਉਹ ਜਵਾਬੀ ਕਾਰਵਾਈ ਕਰ ਸਕਦਾ ਹੈ। ਉਹਨਾਂ ਕਿਹਾ ਕਿ ਭਾਰਤ ਨੇ ਮੁੰਬਈ ਹਮਲੇ ਤੋਂ ਬਾਅਦ ਸੁਰੱਖਿਆ ਵਿਵਸਥਾ ਮਜ਼ਬੂਤ ਕੀਤੀ ਹੈ। ਗੇਟਸ ਨੇ ਕਿਹਾ ਕਿ ਖ਼ਤਰਨਾਕ ਅੱਤਵਾਦੀ ਸੰਗਠਨ ਅਲਕਾਇਦਾ ਭਾਰਤ ਦੇ ਖ਼ਿਲਾਫ ਸਾਜ਼ਿਸ਼ ਰਚ ਰਿਹਾ ਹੈ। ਤਹਿਰੀਕ-ਏ-ਤਾਲਿਬਾਨ ਅਤੇ ਲਸ਼ਕਰ-ਏ-ਤੋਇਬਾ ਵਰਗੇ ਅੱਤਵਾਦੀ ਸੰਗਠਨ ਅਲਕਾਇਦਾ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਗੇਟਸ ਨੇ ਅੱਤਵਾਦੀ ਸੰਗਠਨਾਂ ਦਾ ਖ਼ਾਤਮਾ ਕਰਨ ਲਈ ਭਾਰਤ ਅਤੇ ਪਾਕਿਸਤਾਨ ਨੂੰ ਨਾਲ ਮਿਲਕੇ ਲੜਨ ਦੀ ਗੱਲ ਵੀ ਕਹੀ। ਜ਼ਿਕਰਯੋਗ ਹੈ ਕਿ ਗੇਟਸ ਦੋ ਦਿਵਸੀ ਭਾਰਤ ਦੌਰੇ 'ਤੇ ਆਏ ਹਨ। ਭਾਰਤ ਦੌਰੇ 'ਤੇ ਆਏ ਗੇਟਸ ਨੇ ਸੈਨਾ ਸਹਿਯੋਗ ਵਧਾਉਣ ਲਈ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨਾਲ ਵੀ ਮੁਲਾਕਾਤ ਕੀਤੀ।

ਵਿਸ਼ੇਸ਼ ਸੰਪਾਦਕੀ -ਬਲਜੀਤ ਸਿੰਘ ਬਰਾੜ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਵਾਲੇ ਨੌਜਵਾਨ ਸਨਮਾਨਿਤ ਹੋਣ

ਸਿੱਖ ਗੁਰੂ ਸਾਹਿਬਾਨ, ਗੁਰਬਾਣੀ, ਸਿੱਖ ਇਤਿਹਾਸ, ਗੁਰੂ ਸੰਸਥਾਵਾਂ, ਗੁਰਧਾਮਾਂ ਅਤੇ ਸਿੱਖ ਮਰਿਯਾਦਾ ਦਾ ਕਿਸੇ ਵੀ ਤਰ੍ਹਾਂ ਦਾ ਅਪਮਾਨ ਸਹਿਣਯੋਗ ਨਹੀਂ ਹੈ। ਅਜਿਹੇ ਅਵੱਗਿਆ-ਕਾਰੀ ਜੇਕਰ ਸਿੱਖ ਸੰਗਤ ਦੇ ਗੁੱਸੇ ਦਾ ਸ਼ਿਕਾਰ ਹੋ ਜਾਣ ਤਾਂ ਇਸ ਦੀ ਨਿੰਦਾ ਕਰਨਾ ਠੀਕ ਨਹੀਂ। ਅਜਿਹੀਆਂ ਘਟਨਾਵਾਂ ਲਈ ਸਿੱਖ ਮਰਿਯਾਦਾ ਅਤੇ ਸਿੱਖ ਸੰਸਥਾਵਾਂ ਦਾ ਮਜ਼ਾਕ ਉਡਾਉਣ ਵਾਲੇ ਖ਼ੁਦ ਜਿੰਮੇਵਾਰ ਹਨ। ਗੁਰੂ ਘਰ ਦਾ ਨਿੰਦਕ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਨਾਬਰ ਰਾਗੀ ਦਰਸ਼ਨ ਸਿੰਘ ਵੀ ਅਜਿਹੇ ਹੀ ਸਲੂਕ ਦੇ ਹੱਕਦਾਰ ਹਨ। ਸ੍ਰੀ ਅਕਾਲ ਤਖਤ ਸਾਹਿਬ ਨੇ ਰਾਗੀ ਦਰਸ਼ਨ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ ਅਤੇ ਕੀਰਤਨ ਕਰਨ 'ਤੇ ਪ੍ਰਬੰਦੀ ਲਗਾਈ ਹੋਈ ਹੈ। ਉਨ੍ਹਾਂ ਖਿਲਾਫ਼ ਸਿੱਖ ਗੁਰੂ ਸਾਹਿਬਾਨਾਂ ਅਤੇ ਸਿੱਖ ਮਰਿਯਾਦਾ ਬਾਰੇ ਮਾੜੇ ਵਚਨ ਬੋਲਣ ਦਾ ਦੋਸ਼ ਹੈ। ਇਨ੍ਹਾਂ ਦੋਸ਼ਾਂ ਦੀ ਸਫ਼ਾਈ ਲਈ ਉਨ੍ਹਾਂ ਨੂੰ ਬੇਹੱਦ ਸਤਿਕਾਰਯੋਗ ਸਿੰਘ ਸਾਹਿਬਾਨਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਗਿਆ ਸੀ। ਪਹਿਲੀ ਪੇਸ਼ੀ ਦੌਰਾਨ ਉਨ੍ਹਾਂ ਨੇ ਇਸ ਗੁਰੂ ਸੰਸਥਾ ਦਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕੀਤੀ। ਦੂਸਰੀ ਪੇਸ਼ੀ 'ਤੇ ਉਹ ਹਾਜ਼ਰ ਨਹੀਂ ਹੋਏ। ਇਸ ਦੌਰਾਨ ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਬਾਣੀ ਅਤੇ ਸਿੱਖ ਮਰਿਯਾਦਾ ਬਾਰੇ ਬੇਹੱਦ ਇਤਰਾਜ਼ਯੋਗ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਤਾਕ ਉੱਪਰ ਰੱਖ ਕੇ ਉਹ ਲੋਕਾਂ ਦੇ ਘਰਾਂ ਵਿੱਚ ਕੀਰਤਨ ਕਰਨ ਦਾ ਡਰਾਮਾ ਵੀ ਕਰ ਰਹੇ ਹਨ। ਪੰਜਾਬ ਵਿੱਚ ਉਨ੍ਹਾਂ ਨੇ ਕੁਝ ਥਾਵਾਂ 'ਤੇ ਅਜਿਹਾ ਕਰਨ ਦਾ ਯਤਨ ਕੀਤਾ ਸੀ ਪ੍ਰੰਤੂ ਕੌਮੀ ਹਿੱਤਾਂ ਨੂੰ ਸਮਰਪਿਤ ਨੌਜਵਾਨਾਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਪੰਥ ਅਤੇ ਸਿੱਖ ਧਰਮ ਵਿਰੋਧੀ ਸਰਗਰਮੀਆਂ ਲਈ ਪੰਜਾਬ ਤੋਂ ਬਾਹਰ ਦਾ ਰੁਖ ਕਰ ਲਿਆ ਹੈ। ਉਨ੍ਹਾਂ ਨੂੰ ਭਰਮ ਸੀ ਕਿ ਪੰਜਾਬ ਤੋਂ ਬਾਹਰ ਬੈਠੇ ਸਿੱਖ ਇਸ ਗੱਲ ਤੋਂ ਬੇਖਬਰ ਹੋਣਗੇ ਕਿ ਰਾਗੀ ਦਰਸ਼ਨ ਸਿੰਘ ਗੁਰੂ ਘਰ ਦਾ ਭਗੌੜਾ ਅਤੇ ਦੋਖੀ ਬਣ ਚੁੱਕਾ ਹੈ। ਉਨ੍ਹਾਂ ਦਾ ਭਰਮ ਉਸ ਵੇਲੇ ਟੁੱਟ ਗਿਆ ਜਦੋਂ ਪੱਛਮੀ ਬੰਗਾਲ ਦੇ ਆਸਨਸੋਲ ਸ਼ਹਿਰ ਵਿਖੇ ਸਿੱਖ ਨੌਜਵਾਨ ਨੇ ਉਸ ਨੂੰ ਗੁਰੂ ਘਰ ਵਿੱਚ ਦਾਖ਼ਲ ਹੋਣ ਅਤੇ ਕੀਰਤਨ ਕਰਨ ਤੋਂ ਰੋਕ ਦਿੱਤਾ। ਬਾਅਦ ਵਿੱਚ ਉਨ੍ਹਾਂ ਨੇ ਇਸ ਘਟਨਾ ਨੂੰ ਆਪਣੇ ਉਪਰ 'ਹਮਲਾ' ਕਰਾਰ ਦੇਣਾ ਸ਼ੁਰੂ ਕਰ ਦਿੱਤਾ। ਕਿਸੇ ਵੀ ਪਹਿਲੂ ਤੋਂ ਇਹ ਹਮਲਾ ਨਹੀਂ ਹੈ। ਧਰਮ ਦੀ ਰੱਖਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਹਮਲਾ ਕਿਵੇ ਹੋ ਸਕਦਾ ਹੈ? ਸਿੱਖ ਭਾਈਚਾਰੇ ਦਾ ਪੂਰਾ ਅਧਿਕਾਰ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਗੀ ਅਤੇ ਗੁਰੂ ਦੇ ਨਿੰਦਕਾ ਨੂੰ ਗੁਰੂ ਘਰਾਂ ਵਿੱਚ ਦਾਖ਼ਲ ਹੋਣ ਤੋਂ ਰੋਕ ਸਕਦੇ ਹਨ। ਅਜਿਹੇ ਵਿਅਕਤੀ ਵੱਲੋਂ ਕੀਰਤਨ ਕੀਤਾ ਜਾਣਾ ਤਾਂ ਬਿਲਕੁੱਲ ਬਰਦਾਸਤ ਨਹੀਂ ਹੋ ਸਕਦਾ। ਪੱਛਮੀ ਬੰਗਲ ਦੇ ਨੌਜਵਾਨਾਂ ਨੇ ਆਸਨਸੋਲ ਵਿਖੇ ਜਿਹੜਾ ਧਰਮ ਦਾ ਕਾਰਜ ਕੀਤਾ ਹੈ, ਉਸ ਲਈ ਉਨ੍ਹਾਂ ਦੀ ਪ੍ਰਸ਼ੰਸਾ ਹੋਣੀ ਚਾਹੀਦੀ ਹੈ। ਬਿਨ੍ਹਾਂ ਸ਼ੱਕ ਇਨ੍ਹਾਂ ਨੌਜਵਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਧਰਮ ਦੀ ਸ਼ਾਨ ਨੂੰ ਹੋਰ ਉੱਚਾ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਦੇ ਬਦਲੇ ਇਨ੍ਹਾਂ ਸਾਰੇ ਨੌਜਵਾਨਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬੁਲਾ ਕੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਰਾਗੀ ਦਰਸ਼ਨ ਸਿੰਘ ਵਰਗੇ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇਕਰ ਉਹ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਇਸੇ ਤਰ੍ਹਾਂ ਖੇਡਣ ਦਾ ਯਤਨ ਕਰਦੇ ਰਹੇ ਤਾਂ ਉਹ ਇਕ ਦਿਨ ਸਰੀਰਕ ਤੌਰ 'ਤੇ ਸਿੱਖ ਦੇ ਗੁੱਸੇ ਦਾ ਸ਼ਿਕਾਰ ਹੋ ਜਾਣਗੇ। ਇਨ੍ਹਾਂ ਕਾਲਮਾਂ ਵਿੱਚ ਅਸੀਂ ਪਹਿਲਾ ਵੀ ਲਿਖਿਆ ਸੀ ਕਿ ਜਿਸ ਤਰ੍ਹਾਂ ਦੀ ਪੰਥ ਵਿਰੋਧੀ ਸਰਗਰਮੀਆਂ ਰਾਗੀ ਦਰਸ਼ਨ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੀਤੀ ਜਾ ਰਹੀਆਂ ਹਨ, ਇਸ ਸਥਿਤੀ ਵਿੱਚ ਉਹ ਕਿਸੇ ਸਮੇਂ ਵੀ ਸੰਗਤ ਦੇ ਗੁੱਸੇ ਦਾ ਸ਼ਿਕਾਰ ਹੋ ਸਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਹਮਲੇ ਨੂੰ ਗੁਰੂ ਦੀ ਰਜ਼ਾ ਕਰਾਰ ਦਿੱਤਾ ਹੈ।]

ਇਹ ਬਿਲਕੁੱਲ ਸਚਾਈ ਹੈ ਕਿ ਗੁਰੂ ਘਰ ਦੇ ਹਰ ਦੋਖੀਆਂ ਦਾ ਹਮੇਸ਼ਾ ਅਜਿਹੋ ਜਿਹਾ ਹੀ ਹਸ਼ਰ ਹੋਵੇਗਾ। ਗੁਰੂ ਦੀ ਰਜ਼ਾ ਇਸ ਵਿੱਚ ਹੀ ਹੈ। ਰਾਗੀ ਦਰਸ਼ਨ ਸਿੰਘ ਕੋਲ ਹਾਲੇ ਵੀ ਇਕ ਰਾਹ ਬਾਕੀ ਹੈ। ਉਹ ਸ੍ਰੀ ਅਕਾਲ ਤਖ਼ਤ ਉੱਤੇ ਪੇਸ਼ ਹੋ ਕੇ ਸਿੰਘ ਸਾਹਿਬਾਨ ਵੱਲੋਂ ਜਾਰੀ ਨੋਟਿਸ ਬਾਰੇ ਸਪੱਸ਼ਟੀ ਦੇਣ ਅਤੇ ਤਨਖਾਹ ਲਵਾ ਕੇ ਸੁਰਖ਼ਰੂ ਹੋ ਜਾਣ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਲਈ ਸਾਰੇ ਰਸਤੇ ਬੰਦ ਹੋ ਜਾਣਗੇ। ਉਨ੍ਹਾਂ ਦਾ ਸਾਰਾ ਮਾਣ ਸਤਿਕਾਰ ਅਤੇ ਨਾਮ ਕਮਾਈ ਪੂਰੀ ਤਰ੍ਹਾਂ ਮਿੱਟੀ ਵਿੱਚ ਮਿਲ ਜਾਵੇਗੀ। ਗੁਰੂ ਘਰ ਦੇ ਕਿਸੇ ਵੀ ਦੋਖੀ ਨੂੰ ਨਾ ਇਸ ਸੰਸਾਰ ਵਿੱਚ ਨਾ ਹੀ ਅੱਗੇ ਕਿਤੇ ਢੋਈ ਮਿਲਦੀ ਹੈ। ਗੁਰੂ ਘਰ ਦੇ ਦੋਖੀ ਅਤੇ ਨਿੰਦਕਾਂ ਨੂੰ ਚਾਹੀਦਾ ਹੈ ਕਿ ਗੁਰੂ ਪੰਥ ਦੀ ਸ਼ਰਨ 'ਚ ਆ ਕੇ ਖੁਦ ਨੂੰ 'ਸੁਰੱਖਿਅਤ' ਕਰਨ ਲੈਣ।

ਸੰਤ ਬਾਬਾ ਨਰਾਇਣ ਸਿੰਘ ਮੋਨੀ ਜੀ ਤਪਾ-ਦਰਾਜ ਵਾਲਿਆਂ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ

ਗੋਇਲ ਕਰਿਆਨਾ
ਸਰਸਾ ਰੋਡ ਝੁਨੀਰ

ਹਰਮਨ ਜਿਊਲਰਜ਼
ਇੱਥੇ ਸੋਨੇ, ਚਾਂਦੀ ਦੇ ਗਹਿਣੇ ਨਵੇਂ-ਨਵੇਂ ਡਿਜ਼ਾਇਨਾਂ ਵਿੱਚ ਆਰਡਰ ਤੇ ਤਿਆਰ ਕੀਤੇ ਜਾਂਦੇ ਹਨ।
ਬੋਹਾ ਰੋਡ ਝੁਨੀਰ।
ਪ੍ਰੋ: ਗੁਰਜੀਤ ਸਿੰਘ

ਜਸਪਾਲ ਸਿੰਘ ਰੁੜਕੇ, ਜਗਸੀਰ ਸਿੰਘ ਜੱਗਾ, ਗੁਰਮੇਲ ਸਿੰਘ ਗੇਲਾ, ਮਹਿੰਦਰ ਪਾਲ ਸ਼ਰਮਾ, ਲੱਖਾ ਸਿੰਘ ਨਾਮਧਾਰੀ, ਸ. ਗੁਰਜੀਤ ਸਿੰਘ ਰੁੜਕੇ
ਬਾਬਾ ਨਰਾਇਣ ਸਿੰਘ ਮੋਨੀ ਦੀ ਯਾਦ ਨੂੰ ਸਮਰਪਿਤ ਜੋੜ ਮੇਲੇ ਤੇ ਪੱਤਰਕਾਰ ਡਾ. ਬਿੰਦੀ ਵੱਲੋਂ ਸਪਲੀਮੈਂਟ ਕੱਢਣ 'ਤੇ ਵਧਾਈਆਂ।

ਰਮੇਸ਼ ਕੁਮਾਰ (ਘੋਪਾ)
ਜਯੋਤੀ ਵਿੱਦਿਆ ਮੰਦਿਰ

ਦੀਪ ਜਿਊਲਰਜ਼
ਬੋਹਾ ਰੋਡ, ਝੁਨੀਰ ਮਾਨਸਾ
98156-71013, 98558-33556

ਪੱਤਰਕਾਰ ਸੁੱਖੀ ਰਾਈਆ ਨੂੰ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਜੋਗਿੰਦਰ ਸਿੰਘ
ਸਰਕਾਰੀ ਸੇਵਾ ਮੁਕਤ ਵੈਦ ਆਯੁਰਵੈਦਕ
40 ਸਾਲ ਤਜ਼ਰਬੇਕਾਰ ਪੇਟ ਗੈਸ, ਯੂਰਕ ਐਸਿਡ, ਜੋੜਾਂ ਦੇ ਦਰਦ, ਸਿਰ ਦਰਦ, ਸ਼ੂਗਰ, ਇਸਤਰੀ ਅਤੇ ਬੱਚਿਆਂ ਦੇ ਰੋਗਾਂ ਦੇ ਮਾਹਿਰ
ਮੋਬਾ. 98724-31844

ਸਰਦਾਰ ਟੈਲੀਕਮ
ਬੱਸ ਸਟੈਂਡ ਲਾਲਿਆਂ ਵਾਲੀ
ਇੱਥੇ ਏਅਰਟੈਲ, ਬੀ.ਐੱਸ.ਐੱਨ.ਐੱਲ, ਸਪਾਈਸ,ਟਾਟਾ ਰਿਲਾਇੰਸ ਆਦਿ ਕੰਪਨੀਆਂ ਦੇ ਰੀਚਾਰਜ ਕੂਪਨ ਮਿਲਦੇ ਹਨ ਅਤੇ ਰੀਚਾਰਜ ਕੀਤੇ ਜਾਂਦੇ ਹਨ।

ਸਹਾਰਾ ਜਨ ਸੇਵਾ ਕਲੱਬ (ਰਜਿ. 363) ਝੁਨੀਰ
ਪ੍ਰਧਾਨ ਧਰਮਪਾਲ ਸਿੰਘ
94177-43761

ਵਿਸ਼ਵਕਰਮਾ ਫਰਨੀਚਰ ਹਾਊਸ
ਝੁਨੀਰ (ਮਾਨਸਾ)
ਇੱਥੇ ਡਬਲ ਬੈੱਡ, ਸੋਫਾ ਸੈੱਟ, ਪੀੜਾ ਸੈਟ, ਮੇਜ਼ ਕੁਰਸੀਆਂ ਜੋੜੀਆਂ ਦਾ ਸਾਮਾਨ ਹਰ ਸਮੇਂ ਤਿਆਰ ਅਤੇ ਆਰਡਰ 'ਤੇ ਤਿਆਰ ਕੀਤਾ ਜਾਂਦਾ ਹੈ।
ਗੁਰਿੰਦਰ ਸਿੰਘ (ਭੋਲਾ) 94643-27908
ਬਚਿੱਤਰ ਸਿੰਘ 93571-83881

ਗੁਰਪ੍ਰੇਮ ਸਿੰਘ
ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਨਰਾਇਣ ਸਿੰਘ ਮੋਨੀ ਜੀ ਦੇ 5ਵੇਂ ਸਾਲਾਨਾ ਜੋੜ ਮੇਲੇ 'ਤੇ ਲੱਖ-ਲੱਖ ਵਧਾਈ
ਉਸਾਰੀ ਦੇ ਕੰਮਾਂ ਲਈ ਸੰਪਰਕ ਕਰੋ
ਮੋਬਾ. 99155-18776

ਘਰ ਦੀ ਖੁਸ਼ੀ

ਸ੍ਰੀਮਤੀ ਕੁਲਵਿੰਦਰ ਕੌਰ ਮੈਂਬਰ

ਅਰਸ਼ਦੀਪ ਸ਼ਰਮਾ

ਡਾ. ਰਘਵੀਰ ਚੰਦ